Workers' Compensation Board – Alberta

Worker Fact Sheet

# ਸਥਾਈ ਅਤੇ ਅਸਥਾਈ ਕਾਮਿਆਂ ਲਈ ਮੁਆਵਜ਼ੇ ਦੀ ਦਰ ਨਿਸ਼ਚਿਤ ਕਰਨਾ

ਤੁਹਾਡੇ ਮੁਆਵਜ਼ੇ ਦੀ ਦਰ ਇਸ ਤੱਥ ਤੇ ਨਿਰਭਰ ਕਰਦੀ ਹੈ ਕਿ ਫੱਟੜ ਹੋਣ ਸਮੇਂ ਤੁਸੀਂ **ਸਥਾਈ** (ਪਰਮਾਨੈਂਟ) ਕਰਮਚਾਰੀ ਸੀ ਜਾਂ ਜਾਂ **ਅਸਥਾਈ** (ਨੌਨ ਪਰਮਾਨੈਂਟ) ਕਰਮਚਾਰੀ ਸੀ |

## ਸਥਾਈ ਕਾਮੇ

ਸਥਾਈ ਕਾਮਿਆਂ ਨੂੰ ਸਾਲ ਦੇ ੧੨ ਮਹੀਨਿਆਂ ਲਈ ਕੰਮ ਤੇ ਰੱਖਿਆ ਜਾਂਦਾ ਹੈ ਸਿਵਾਇ ਛੁੱਟੀਆਂ ਦੇ ਸਮੇਂ ਤੋਂ | ਉਨ੍ਹਾਂ ਦੀ ਪਦਵੀ ਲੇਔਫ਼ ਦੇ ਅਧੀਨ ਨਹੀਂ ਹੁੰਦੀ |

## ਅਸਥਾਈ ਕਾਮੇ

ਅਸਥਾਈ ਕਾਮਿਆਂ ਨੂੰ ਹਰ ਸਾਲ ੧੨ ਮਹੀਨਿਆਂ ਤੋਂ ਘੱਟ ਲਈ ਕੰਮ ਤੇ ਰੱਖਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਪਦਵੀ ਲੇਔਫ਼, ਸ਼ੱਟ ਡਾਊਨ, ਜਾਂ ਮੌਸਮੀ ਕਾਰਨਾਂ ਦੇ ਅਧੀਨ ਹੋ ਸਕਦੀ ਹੈ | ਅਸਥਾਈ ਕਾਮਿਆਂ ਨੂੰ ਉਨ੍ਹਾਂ ਦੇ ਕੰਮ ਦੇ ਮੁਤਾਬਿਕ ਮੌਸਮੀ (ਸੀਜ਼ਨਲ), ਠੇਕੇ ਤੇ (ਕੌਨਟ੍ਰੈਕਟ) ਜਾਂ ਅਸਥਾਈ/ਆਰਜ਼ੀ (ਟੈਮਪਰੇਰੀ) ਕਾਮੇ ਵੀ ਕਿਹਾ ਜਾ ਸਕਦਾ ਹੈ |

## ਉਜਰਤ ਇਵਜ਼ ਲਾਭ ਵਜੋਂ ਮੈਨੂੰ ਕਿੰਨੀ ਰਾਸ਼ੀ ਮੁਹਈਆ ਹੋਵੇਗੀ ?

ਜੇਕਰ ਤੁਸੀਂ ਆਪਣੀ ਕੰਮ ਸਬੰਧਿਤ ਸੱਟ ਦੇ ਕਾਰਣ ਕੰਮ ਤੇ ਨਹੀਂ ਜਾ ਪਾ ਰਹੇ, ਤਾਂ ਹੋ ਸਕਦਾ ਹੈ ਕਿ ਤੁਸੀਂ ਉਜਰਤ ਇਵਜ਼ ਲਾਭ (ਵੇਜ ਰਿਪਲੇਸਮੈਂਟ ਬੈਨੀਫ਼ਿੱਟ) ਲੈਣ ਦੇ ਯੋਗ ਹੋਵੋਂ | ਸਾਡੇ ਮੁਆਵਜ਼ੇ ਦੀ ਦਰ ਤੁਹਾਡੇ ਸੱਟ ਲੱਗਣ ਸਮੇਂ ਦੀ ਤੁਹਾਡੀ ਆਮਦਨ ਦੇ ੯੦ % ਤੇ ਅਧਾਰਤ ਹੈ |

*ਜੇਕਰ ਤੁਹਾਡੇ ਹਾਦਸੇ ਦੀ ਮਿਤੀ ੧ ਸਤੰਬਰ ੨੦੧੮ ਤੋਂ ਪਹਿਲਾਂ ਦੀ ਹੈ, ਤੁਹਾਡੀ ਆਮਦਨ ਸਾਲ ਦੀ ਅਧਿਕਤਮ ਰਾਸ਼ੀ ਦੇ ਅਧੀਨ ਹੈ |*

## ਤੁਹਾਨੂੰ ਕਿਵੇਂ ਪਤਾ ਲੱਗਦਾ ਹੈ ਕਿ ਹਾਦਸੇ ਦੇ ਵਕ਼ਤ ਮੇਰੀ ਆਮਦਨ ਕਿੰਨੀ ਸੀ ?

ਜ਼ਿਆਦਾ ਸੂਰਤਾਂ ਵਿੱਚ ਤੁਹਾਡਾ ਕੰਮਦਾਤਾ ਹੀ ਤੁਹਾਡੇ ਸੱਟ ਲੱਗਣ ਤੋਂ ਠੀਕ ਪਹਿਲਾਂ ਵਾਲ਼ੇ ਕਰ ਸਾਲ ਦੀ ਤੁਹਾਡੀ **ਗਰੌਸ ਆਮਦਨ** ਦੀ ਸਾਨੂੰ ਜਾਣਕਾਰੀ ਦਿੰਦਾ ਹੈ ਅਤੇ ਅਸੀਂ ਉਸ ਸਲਾਨਾ ਗਰੌਸ ਆਮਦਨ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਹਾਡੇ ਮੁਆਵਜ਼ੇ ਦੀ ਦਰ ਨਿਸ਼ਚਿਤ ਕਰਦੇ ਹਾਂ |

- ਜੇਕਰ ਪਿਛਲੇ ਸਾਲ ਵਿੱਚ ਤੁਹਾਡੀ ਆਮਦਨ ਵਿੱਚ ਜਾਂ ਫਿਰ ਤੁਹਾਡੇ ਅਹੁਦੇ ਵਿੱਚ ਕੋਈ ਤਬਦੀਲੀ ਹੋਈ ਹੈ ਤਾਂ ਜਦੋਂ ਤੋਂ ਇਹ ਬਦਲਾਵ ਕੀਤੇ ਗਏ ਸਨ ਉਸ ਸਮੇਂ ਤੋਂ ਲੈ ਕੇ ਤੁਹਾਡੇ ਹਾਦਸੇ ਦੀ ਮਿਤੀ ਤੱਕ, ਅਸੀਂ ਤੁਹਾਡੀ ਆਮਦਨੀ ਨੂੰ ਪ੍ਰੋ-ਰੇਟ ਕਰਾਂਗੇ ਅਤੇ ਫਿਰ ਉਸ ਆਮਦਨ ਰਾਸ਼ੀ ਨੂੰ ਤੁਹਾਡੇ ਮੁਆਵਜ਼ੇ ਦੀ ਦਰ ਨੂੰ ਨਿਸ਼ਚਿਤ ਕਰਨ ਲਈ ਵਰਤਾਂਗੇ |
- ਜੇਕਰ ਇੱਕ ਸਾਲ ਲਈ ਤੁਹਾਨੂੰ ਕੰਮ ਤੇ ਨਹੀਂ ਰੱਖਿਆ ਗਿਆ ਸੀ ਤਾਂ ਅਸੀਂ ਤੁਹਾਨੂੰ ਕੰਮ ਤੇ ਰੱਖੇ ਜਾਣ ਦੀ ਮਿਤੀ ਤੋਂ ਲੈ ਕੇ ਤੁਹਾਡੇ ਹਾਦਸੇ ਦੀ ਮਿਤੀ ਤੱਕ ਦੀ ਗਰੌਸ ਆਮਦਨ ਨੂੰ ਪ੍ਰੋ ਰੇਟ ਕਰ ਸਕਦੇ ਹਾਂ ਅਤੇ ਫਿਰ ਇਸ ਨੂੰ ਤੁਹਾਡੇ ਮੁਆਵਜ਼ੇ ਦੀ ਦਰ ਨਿਸ਼ਚਿਤ ਕਰਨ ਲਈ ਵਰਤ ਸਕਦੇ ਹਾਂ |

**ਗਰੌਸ ਆਮਦਨ** ਵਿੱਚ ਹੇਠ ਲਿਖੇ ਸ਼ਾਮਲ ਹਨ: ਛੁੱਟੀਆਂ/ ਸਰਕਾਰੀ ਛੁੱਟੀ ਦੀ ਤਨਖ਼ਾਹ (ਭੁਗਤਾਨ), ਵੱਧ ਘੰਟੇ ਕੰਮ (ਓਵਰ ਟਾਈਮ), ਸ਼ਿਫਟ ਪ੍ਰੀਮੀਅਮ (ਕੰਮ ਦੀ ਬਾਰੀ ਦੇ ਮਿਲਣ ਵਾਲ਼ਾ ਵਧੀਕ ਭੁਗਤਾਨ), ਬੋਨਸ ਜਾਂ ਫਿਰ ਕੰਮ ਤੋਂ ਮਿਲਣ ਵਾਲ਼ੀ ਕਰ ਦੇ ਅਧੀਨ ਹੋਰ ਆਮਦਨ ||

ਹੋ ਸਕਦਾ ਹੈ ਕਿ ਅਸੀਂ ਤੁਹਾਡੀ ਪ੍ਰਤੀ ਘੰਟਾ, ਪ੍ਰਤੀ ਪੰਦਰਵਾੜਾ ਜਾਂ ਪ੍ਰਤੀ ਮਹੀਨਾ ਆਮਦਨ ਦੇ ਅਧਾਰ ਤੇ ਤੁਹਾਡੀ ਗਰੌਸ ਆਮਦਨ ਦਾ ਹਿਸਾਬ ਲਗਾਈਏ ਤਾਂ ਜੋ ਤੁਹਾਡੇ ਮੁਆਵਜ਼ੇ ਦੀ ਦਰ ਨਿਸ਼ਚਿਤ ਕੀਤੀ ਜਾ ਸਕੇ |

**ਉਧਾਹਰਣ**

ਤੁਹਾਡੀ ਤਨਖ਼ਾਹ $੫,੦੦੦.00 ਪ੍ਰਤੀ ਮਹੀਨਾ ਹੈ |

$੫,੦੦੦.00 ਪ੍ਰਤੀ ਮਹੀਨਾ X ੧੨ ਮਹੀਨੇ = $੬੦,੦੦੦.੦੦੦ ਸਲਾਨਾ ਗਰੌਸ ਆਮਦਨ

## ਜਦੋਂ ਤੁਸੀਂ ਮੇਰੀ ਗਰੌਸ ਆਮਦਨ ਨਿਸ਼ਚਿਤ ਕਰ ਲੈਂਦੇ ਹੋ, ਤੁਸੀਂ ਮੇਰੀ ਨੈੱਟ ਆਮਦਨ ਦਾ ਪਤਾ ਕਿਵੇਂ ਲਗਾਉਂਦੇ ਹੋ ?

ਹਰ ਸਾਲ ਸਾਨੂੰ ਕਨੇਡਾ ਮਾਲ ਏਜੰਸੀ (ਕੈਨੇਡਾ ਰੈਵੀਨਊ ਏਜੰਸੀ - ਸੀ ਆਰ ਏ) ਵੱਲੋਂ ਜਾਣਕਾਰੀ ਮਿਲਦੀ ਹੈ ਜੋ ਸਾਨੂੰ ਬਰਾਬਰ ਦੇ ਸੀ ਪੀ ਪੀ, ਇਮਪਲੌਇਮਿੰਟ ਇੰਸ਼ਿਓਰਨਸ ਐਂਡ ਇਨਕਮ ਟੈਕਸ ਅਮਾਊਂਟ ਬਾਰੇ ਦੱਸਦਾ ਹੈ, ਜਿਨ੍ਹਾਂ ਦੀ ਮਦਦ ਨਾਲ਼ ਅਸੀਂ ਨੈੱਟ ਆਮਦਨੀ ਦਾ ਅਨੁਮਾਨ ਲਗਾਉਂਦੇ ਹਾਂ | ਫਿਰ ਅਸੀਂ ਇਸ ਨੈੱਟ ਆਮਦਨ ਦਾ ੯੦% ਭੁਗਤਾਨ ਕਰਦੇ ਹਾਂ |

## ਜੇਕਰ ਸੱਟ ਲੱਗਣ ਸਮੇਂ ਮੇਰੇ ਕੋਲ਼ ਇੱਕ ਹੋਰ ਕੰਮ ਸੀ, ਤਾਂ ਫਿਰ ਕੀ ਹੋਵੇਗਾ ?

ਜੇਕਰ ਫੱਟੜ ਹੋਣ ਸਮੇਂ ਤੁਹਾਡੇ ਕੋਲ਼ ਇੱਕ ਹੋਰ ਨੌਕਰੀ ਸੀ ਅਤੇ ਆਪਣੀ ਸੱਟ ਕਾਰਣ ਤੁਸੀਂ ਉਹ ਦੂਸਰੀ ਨੌਕਰੀ ਨਹੀਂ ਕਰ ਪਾ ਰਹੇ ਤਾਂ ਹੋ ਸਕਦਾ ਹੈ ਕਿ ਮੁਆਵਜ਼ੇ ਦੀ ਦਰ ਨਿਸ਼ਚਿਤ ਕਰਨ ਸਮੇਂ ਅਸੀਂ ਉਸ ਆਮਦਨੀ ਨੂੰ ਵੀ ਧਿਆਨ ਵਿੱਚ ਰੱਖੀਏ | ਅਸੀਂ ਇਸ ਨੂੰ ਕੌਨਕਰੰਟ ਰੇਟ ਕਹਿੰਦੇ ਹਾਂ |

## ਤੁਹਾਡੇ ਮੁਆਵਜ਼ੇ ਦੀ ਦਰ ਵਿੱਚ ਦੋ ਦਰਾਂ ਸ਼ਾਮਲ ਹੋਣਗੀਆਂ ਜੇਕਰ ਇਹ ਸੰਭਾਵਿਤ ਸੀ ਕਿ ਕੰਮ ਦਾ ਨਾ ਹੋਣਾ, ਕੰਮ ਤੋਂ ਲੇ ਔਫ਼ ਹੋਣਾ ਜਾਂ ਮੌਸਮੀ ਛੁੱਟੀਆਂ ਕਾਰਣ ਤੁਹਾਡੇ ਕੰਮ ਦੀ ਅਵਧੀ ੧੨ ਮਹੀਨਿਆਂ ਦੀ ਨਹੀਂ ਹੋਣੀ ਸੀ |

**ਤੁਹਾਡੇ ਮੁਆਵਜ਼ੇ ਦੀ ਆਰਜ਼ੀ ਦਰ**

- ਜੋ ਦਰ ਪਹਿਲੇ ਪੜਾਅ ਤੇ ਨਿਸ਼ਚਿਤ ਕੀਤੀ ਜਾਂਦੀ ਹੈ ਉਹ ਆਰਜ਼ੀ ਦਰ ਹੁੰਦੀ ਹੈ ਅਤੇ ਉਹ ਦੱਸਦੀ ਹੈ ਕਿ ਜੇਕਰ ਤੁਸੀਂ ਆਪਣੇ ਕੰਮ ਤੇ ਪੂਰੇ ੧੨ ਮਹੀਨੇ ਕੰਮ ਕਰਦੇ ਤਾਂ ਤੁਹਾਡੀ ਸਲਾਨਾ ਗਰੌਸ ਆਮਦਨ ਕੀ ਹੋਣੀ ਸੀ |
- ਅਸੀਂ ਤੁਹਾਡੇ ਲਾਭਾਂ ਦਾ ਭੁਗਤਾਨ ਇਸ ਦਰ ਦੇ ਅਧਾਰ ਤੇ ਉਸ ਮਿਤੀ ਤੱਕ ਕਰਦੇ ਹਾਂ ਜਿਸ ਮਿਤੀ ਤੱਕ ਤੁਹਾਡੇ ਕੰਮ ਤੇ ਆਉਣ ਦੀ ਆਸ ਸੀ ਜੇਕਰ ਤੁਹਾਡੇ ਸੱਟ ਨਾ ਲੱਗਦੀ | ਇਸ ਮਿਤੀ ਤੋਂ ਬਾਅਦ ਇੱਕ ਨਵੀਂ ਦਰ ਸ਼ੁਰੂ ਹੋ ਜਾਂਦੀ ਹੈ; ਅਸੀਂ ਇਸ ਨੂੰ ਬੇਸ ਰੇਟ ਕਹਿੰਦੇ ਹਾਂ |

**ਤੁਹਾਡੇ ਮੁਆਵਜ਼ੇ ਦੀ ਬੇਸ ਦਰ (ਬੇਸ ਕੰਮਪਨਸੇਸ਼ਨ ਰੇਟ)**

- ਤੁਹਾਡਾ ਬੇਸ ਰੇਟ ਉਸ ਦਿਨ ਸ਼ੁਰੂ ਹੁੰਦਾ ਹੈ ਜਿਸ ਦਿਨ ਤੁਹਾਡੇ ਕੰਮ ਸ਼ੁਰੂ ਕਰਨ ਦੀ ਆਸ ਸੀ (ਜੇਕਰ ਤੁਹਾਡੇ ਸੱਟ ਨਾਂ ਲੱਗਦੀ) ਅਤੇ ਉਹ ਤੁਹਾਡਾ ਪਰਮਾਨੈਂਟ ਰੇਟ ਬਣ ਜਾਂਦਾ ਹੈ | ਤੁਹਾਡੇ ਬਾਕੀ ਦੇ ਦਾਹਵੇ ਦੇ ਲਾਭ ਇਸ ਦਰ ਦੇ ਅਧਾਰ ਤੇ ਨਿਸ਼ਚਿਤ ਕੀਤੇ ਜਾਂਦੇ ਹਨ (ਜੇ ਕੋਈ ਹੋਰ ਦਰ ਨਿਸ਼ਚਿਤ ਨਹੀਂ ਕੀਤੀ ਹੋਈ) |
- ਇਹ ਦਰ ਤੁਹਾਡੇ ਹਾਦਸੇ ਦੀ ਮਿਤੀ ਤੋਂ ਤੁਹਾਡੇ ਆਰਜ਼ੀ ਰੇਟ ਅਤੇ ਕੰਮ ਦੀ ਅਸਲੀ ਅਵਧੀ ਦੀ ਗਰੌਸ ਆਮਦਨ ਨੂੰ ਲੈ ਕਿ ਨਿਸ਼ਚਿਤ ਕੀਤੀ ਜਾਂਦੀ ਹੈ |
- ਅਸੀਂ ਤੁਹਾਡੇ ਕੰਮ ਦੀ ਅਵਧੀ ਤੋਂ ਬਾਹਰ ਦੀ ਕਮਾਈ (ਮੌਸਮੀ/ਸੀਜ਼ਨਲ) ਨੂੰ ਵੀ ਵਿਚਾਰ ਸਕਦੇ ਹਾਂ ਅਤੇ ਤੁਹਾਡੇ ਬੇਸ ਰੇਟ ਵਿੱਚ ਜਮ੍ਹਾਂ ਕਰ ਸਕਦੇ ਹਾਂ |

**ਆਰਜ਼ੀ ਅਤੇ ਬੇਸ ਰੇਟ ਦੀ ਉਦਾਹਰਣ**

ਤੁਸੀਂ ਇੱਕ ਮੌਸਮੀ ਬਾਗ਼ਬਾਨੀ ਕੰਪਨੀ ਨਾਲ ੧ ਅਪ੍ਰੈਲ ਤੋਂ ੩੦ ਸਤੰਬਰ ਤੱਕ (੬ ਮਹੀਨੇ) ਕੰਮ ਕਰਦੇ ਹੋਏ ਜ਼ਖ਼ਮੀ ਹੋ ਗਏ ਅਤੇ

$੫,੦੦੦.੦੦ ਪ੍ਰਤੀ ਮਹੀਨਾ ਕਮਾਏ | ੧ ਅਕਤੂਬਰ ਨੂੰ ਤੁਹਾਡੇ ਕੰਮ ਦੀ ਅਵਧੀ ਖ਼ਤਮ ਹੋ ਜਾਵੇਗੀ ਕਿਉਂਕਿ ਅਜਿਹੇ ਕੰਮ ਦਾ ਵੇਲ਼ਾ ਖ਼ਤਮ ਹੋ ਗਿਆ ਹੈ |

$੫,੦੦੦.00 ਪ੍ਰਤੀ ਮਹੀਨਾ X ੧੨ ਮਹੀਨੇ = $੬੦,੦੦੦.੦੦੦ ਸਲਾਨਾ ਗਰੌਸ ਆਮਦਨ

ਤੁਹਾਡੀ **ਆਰਜ਼ੀ (ਟੈਮਪਰੇਰੀ ਰੇਟ) ਦਰ** ਤੁਹਾਡੀ ਸਲਾਨਾ ਗਰੌਸ ਆਮਦਨ $੬੦,੦੦੦.੦੦੦ ਤੇ ਅਧਾਰਿਤ ਹੋਵੇਗੀ |

ਅਕਤੂਬਰ ੧ ਨੂੰ ਤੁਹਾਡਾ ਬੇਸ ਰੇਟ ਸ਼ੁਰੂ ਹੋ ਜਾਵੇਗਾ | ਤੁਹਾਡੀ ਆਰਜ਼ੀ ਦਰ ਅਤੇ ਬਾਗਬਾਨੀ ਕੰਪਨੀ ਦੇ ਨਾਲ਼ ਤੁਹਾਡੀ ਅਸਲ ਕਾਰਜ ਅਵਧੀ ਦੇ ਸਲਾਨਾ ਗਰੌਸ ਆਮਦਨ ਦੇ ਅਧਾਰ ਤੇ ਅਸੀਂ ਇਸ ਦਰ (ਰੇਟ) ਦਾ ਹਿਸਾਬ ਲਾਵਾਂਗੇ |

$੬੦,੦੦੦.੦੦ ਨੂੰ ੧੨ ਮਹੀਨਿਆਂ ਤੇ ਤਕਸੀਮ ਕਰੋ ਤੇ ਫਿਰ ੬ ਮਹੀਨਿਆਂ ੬ ਮਹੀਨਿਆਂ (ਅਸਲ ਕਾਰਜ ਅਵਧੀ) ਨਾਲ਼ ਗੁਣਾ ਕਰੋ = $੩੦,੦੦੦.੦੦ ਸਲਾਨਾ ਗਰੌਸ ਆਮਦਨ |

ਤੁਹਾਡਾ **ਬੇਸ ਰੇਟ** $੩੦,੦੦੦.00 ਸਲਾਨਾ ਗਰੌਸ ਆਮਦਨ ਦੇ ਅਧਾਰ ਤੇ ਨਿਸ਼ਚਿਤ ਕੀਤਾ ਜਾਵੇਗਾ |

**ਹੋਰ ਆਮਦਨ**

ਬਾਗਬਾਨੀ ਕੰਪਨੀ ਦੇ ਨਾਲ਼ ਤੁਹਾਡੀ ਕਾਰਜਕਾਰੀ ਅਵਧੀ ਤੋਂ ਬਾਹਰ ਜੋ ਤੁਹਾਡੀ ਹੋਰ ਆਮਦਨ ਸੀ, ਅਸੀਂ ਉਸ ਨੂੰ ਧਿਆਨ ਵਿੱਚ ਰੱਖ ਸਕਦੇ ਹਾਂ ਕਿਉਂਕਿ ਹਾਦਸੇ ਦੀ ਮਿਤੀ ਵਾਲ਼ੇ ਦਿਨ ਤੁਹਾਡੀ ਪਦਵੀ ਮੌਸਮੀ (ਸੀਜ਼ਨਲ) ਸੀ (ਜਾਂ ਅਸਥਾਈ) |

ਤੁਸੀਂ ਪਿਛਲੇ ਸਾਲ ਜਦੋਂ ਅਕਤੂਬਰ ਤੋਂ ਮਾਰਚ ਤੱਕ ਬਰਫ਼ ਹਟਾਈ ਉਸ ਸਮੇਂ ਦੀਆਂ ਤਨਖ਼ਾਹ ਦੀਆਂ ਪਰਚਿਆਂ (ਪੇ ਸਟੱਬਸ) ਜਮ੍ਹਾਂ ਕਰਵਾਈਆਂ ਹਨ | ਤਨਖ਼ਾਹ ਦੀਆਂ ਪਰਚਿਆਂ ਨੇ $੨੩,੦੦੦ਦੀ ਗਰੌਸ ਆਮਦਨ ਦੀ ਪੁਸ਼ਟੀ ਕੀਤੀ ਹੈ ਜਿਸ ਨੂੰ ਤੁਹਾਡੇ ਬੇਸ ਰੇਟ ਵਿੱਚ ਜੋੜਿਆ ਗਿਆ ਸੀ |

$੩੦,੦੦੦.੦੦ (ਬੇਸ ਰੇਟ) + $੨੩,੦੦੦.000 (ਹੋਰ ਆਮਦਨ) =

$੫੩,੦੦੦.੦੦

ਫਿਰ ਤੁਹਾਡਾ ਬੇਸ ਰੇਟ ਵੱਧ ਕੇ $੫੩,੦੦੦.੦੦ ਸਲਾਨਾ ਗਰੌਸ ਆਮਦਨ ਹੋ ਗਿਆ

## ਮੈਨੂੰ ਹੋਰ ਜਾਣਕਾਰੀ ਚਾਹੀਦੀ ਹੈ | ਮੇਰੇ ਕੋਲ਼ ਕਿਹੜੇ ਸਰੋਤ ਹਨ ?

ਸੈਕਸ਼ਨ ੫੬ ਔਫ਼ ਵਰਕਰਜ਼ ਕੰਮਪਨਸੇਸ਼ਨ ਐਕਟ ਸੈਕਸ਼ਨ ੧(੨) ਔਫ਼ ਜਨਰਲ ਰੈਗੂਲੇਸ਼ਨਸ ਅਪੈਂਡਿਕਸ ਈ, ਡਬਲਯੂ ਸੀ ਬੀ ਦੇ ਪਾਲਿਸੀ ਮੈਨੂਅਲ ਵਿੱਚੋਂ |

ਡਬਲਯੂ ਸੀ ਬੀ ਪਾਲਿਸੀ ੦੪-੦੧ ਭਾਗ I - ਇਸਟੈਬਲਿਸ਼ਿੰਗ ਨੈੱਟ ਅਰਨਿੰਗਸ

ਡਬਲਯੂ ਸੀ ਬੀ ਪਾਲਿਸੀ ੦੪-੦੧ ਭਾਗ II - ਚੈਪਟਰ ੪ (ਬੈਨੀਫ਼ਿੱਟਸ) ਸਬਜੈੱਕਟ ਏ੧ (ਜਨਰਲ)

ਡਬਲਯੂ ਸੀ ਬੀ ਪਾਲਿਸੀ ੦੪-੦੧ ਭਾਗ II - ਚੈਪਟਰ ੪ (ਬੈਨੀਫ਼ਿੱਟਸ) ਸਬਜੈੱਕਟ ਏ੨ (ਸਪੈਸ਼ਲ ਸਰਕਮਸਟੈਂਸੀਸ)

੯੦ % ਔਫ਼ ਨੈੱਟ ਅਰਨਿੰਗਸ ਫ਼ੈਕਟ ਸ਼ੀਟ